ਲੋਕ ਆਵਾਜ਼
ਪੰਜਾਬੀ ਟ੍ਰਿਬਿਊਨ
ਸ਼ਨਿੱਚਰਵਾਰ, 19 ਅਪਰੈਲ 2025


# ਲਾਅ ਯੂਨੀਵਰਸਿਟੀ ਵਿੱਚ ਅੰਬੇਡਕਰ ਬਾਰੇ ਕਾਨਫਰੰਸ

## ਬੇਇਨਸਾਫ਼ੀ ਕਰਨ ਵਾਲੀਆਂ ਤਾਕਤਾਂ ਨਾਲ ਲੜੇ ਅੰਬੇਡਕਰ: ਗੌਤਮ ਸੂਦ

ਗੁਰਨਾਮ ਸਿੰਘ ਅਕੀਦਾ

ਪਟਿਆਲਾ, 18 ਅਪਰੈਲ

ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ, ਪੰਜਾਬ ਦੇ ਸਮਾਜਿਕ ਵਿਗਿਆਨ ਅਤੇ ਅੰਤਰ-ਅਨੁਸ਼ਾਸਨੀ ਅਧਿਐਨ ਸਕੂਲ ਵੱਲੋਂ ਅੰਬੇਡਕਰ ਜੈਅੰਤੀ ਮਨਾਉਣ ਦੇ ਸੰਦਰਭ ਵਿਚ 'ਡਾ. ਬੀਆਰ ਅੰਬੇਡਕਰ ਦੀਆਂ ਕਦਰਾਂ-ਕੀਮਤਾਂ ਨੂੰ ਸੰਜੋਣਾ' ਬਾਰੇ ਕਾਨਫਰੰਸ ਕੀਤੀ ਗਈ। ਕਾਨਫਰੰਸ ਵਿੱਚ ਵਾਈਸ ਚਾਂਸਲਰ ਪ੍ਰੋ. (ਡਾ) ਜੈ ਸ਼ੰਕਰ ਸਿੰਘ, ਡਾ. ਰਜਿਸਟਰਾਰ ਇਵਨੀਤ ਵਾਲੀਆ ਅਤੇ ਡੀਨ ਖੋਜ ਅਤੇ ਵਿਦਿਆਰਥੀ ਭਲਾਈ ਪ੍ਰੋ. (ਡਾ.) ਕਮਲਜੀਤ ਕੌਰ ਆਦਿ ਹਾਜ਼ਰ ਸਨ। ਵੀਸੀ ਡਾ. ਜੈ ਸ਼ੰਕਰ ਨੇ ਕਿਹਾ ਇਸ ਕਾਨਫ਼ਰੰਸ ਦਾ ਉਦੇਸ਼ ਭਾਰਤੀ ਸੰਵਿਧਾਨ ਦੇ ਮੁੱਖ ਪ੍ਰਬੰਧਕ ਅਤੇ ਸਮਾਜਿਕ ਨਿਆਂ, ਸਮਾਨਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਲਈ ਅਣਥੱਕ ਯੋਧੇ ਡਾ. ਭੀਮ ਅੰਬੇਡਕਰ ਦੀ ਸਥਾਈ ਵਿਰਾਸਤ ਅਤੇ ਕਦਰਾਂ-ਕੀਮਤਾਂ ਦਾ ਸਨਮਾਨ ਕਰਨਾ ਸੀ। ਕਾਨਫ਼ਰੰਸ ਵਿੱਚ ਆਧੁਨਿਕ ਭਾਰਤ ਨੂੰ ਆਕਾਰ ਦੇਣ ਵਿੱਚ ਡਾ. ਅੰਬੇਡਕਰ ਦੀ ਮਹੱਤਵਪੂਰਨ ਭੂਮਿਕਾ, ਸਮਾਜਿਕ ਵਿਤਕਰੇ ਵਿਰੁੱਧ ਉਨ੍ਹਾਂ ਦੀ ਅਣਥੱਕ ਲੜਾਈ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੇ ਵਿਕਾਸ ਲਈ ਉਨ੍ਹਾਂ ਦੀ ਵਕਾਲਤ 'ਤੇ ਚਾਨਣਾ ਪਾਇਆ ਗਿਆ। ਡਾ. ਗੌਤਮ ਸੂਦ ਨੇ ਕਿਹਾ ਡਾ. ਅੰਬੇਡਕਰ ਇੱਕ ਅਜਿਹਾ ਵਿਅਕਤੀ ਸੀ ਜੋ ਅਨਿਆਂ ਕਰਨ ਵਾਲੀਆਂ ਸ਼ਕਤੀਸ਼ਾਲੀ ਤਾਕਤਾਂ ਦੇ ਵਿਰੁੱਧ ਖੜ੍ਹਾ ਹੋਇਆ। ਸਮਾਰੋਹ ਦੀ ਵਿਸ਼ੇਸ਼ਤਾ ਇਹ ਸੀ ਕਿ ਵਾਈਸ ਚਾਂਸਲਰ ਨੇ ਯੂਨੀਵਰਸਿਟੀ ਦੇ ਗੈਰ-ਅਧਿਆਪਨ ਅਤੇ ਨਾਲ ਹੀ ਅਧਿਆਪਨ ਸਟਾਫ਼ ਨੂੰ ਆਪਣੇ ਵਿਚਾਰ ਅਤੇ ਮੁੱਦੇ ਸਾਂਝੇ ਕਰਨ ਲਈ ਪਲੇਟਫਾਰਮ 'ਤੇ ਸੱਦਾ ਦਿੱਤਾ।



ਕਾਨਫ਼ਰੰਸ ਦੌਰਾਨ ਹਾਜ਼ਰ ਮੁੱਖ ਮਹਿਮਾਨ ਤੇ ਹੋਰ।

39.77 ਲੱਖ ਪਾਠਕ (IRS 2019) JAGBANI LUDHIANA

ਜਗ ਬਾਣੀ

Saturday 19 April, 2025 IV

# ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਵਿਖੇ ਡਾ. ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਨਵੈਨਸ਼ਨ



ਕਨਵੈਨਸ਼ਨ ਤੋਂ ਬਾਅਦ ਵਾਈਸ ਚਾਂਸਲਰ ਡਾ. ਜੈ ਸ਼ੰਕਰ ਸਿੰਘ, ਰਜਿਸਟਰਾਰ ਡਾ. ਅਵਨੀਤ ਵਾਲੀਆ ਤੇ ਹੋਰਨਾਂ ਨਾਲ ਯਾਦਗਾਰੀ ਫੋਟੋ ਕਰਵਾਉਂਦੇ ਕਨਵੈਨਸ਼ਨ 'ਚ ਸ਼ਾਮਲ ਹੋਣ ਵਾਲੇ ਸਮੂਹ ਅਧਿਆਪਕ। (ਰੁੰਦਰ)

ਪਟਿਆਲਾ, 18 ਅਪ੍ਰੈਲ (ਰਾਜੇਸ਼ ਪੰਜੌਲਾ)- ਦਿ ਸਕੂਲ ਆਫ ਸੋਸ਼ਲ ਸਾਇੰਸਿਜ਼ ਐਂਡ ਇੰਟਰ ਡਿਸਪਲਿਨਰੀ ਸਟੱਡੀਜ਼ (ਐੱਸ. ਐੱਸ. ਐੱਸ. ਆਈ. ਐੱਸ.), ਜੋ ਕਿ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦਾ ਇਕ ਖੋਜ ਕੇਂਦਰ ਹੈ, ਵੱਲੋਂ ਅੰਬੇਡਕਰ ਜਯੰਤੀ ਮੌਕੇ 'ਚੈਰੀਸ਼ਿੰਗ ਦਾ ਵੈਲਿਊਜ਼ ਆਫ ਡਾ. ਬੀ. ਆਰ. ਅੰਬੇਡਕਰ' ਨਾਂ ਦੀ ਕਨਵੈਨਸ਼ਨ ਕਰਵਾਈ ਗਈ।

ਇਸ ਪ੍ਰੋਗਰਾਮ 'ਚ ਵਾਈਸ ਚਾਂਸਲਰ ਡਾ. ਜੈ ਸ਼ੰਕਰ ਸਿੰਘ, ਰਜਿਸਟਰਾਰ ਡਾ. ਇਵਨੀਤ ਵਾਲੀਆ, ਪ੍ਰੋ. ਕਮਲਜੀਤ ਕੌਰ ਡੀਨ ਰਿਸਰਚ ਅਤੇ ਸਟੂਡੈਂਟ ਵੈੱਲਫੇਅਰ, ਡਾ. ਜਸਲੀਨ ਕੇਵਲਾਨੀ ਕਨਵੀਨਰ ਆਰ. ਜੀ. ਐੱਨ. ਯੂ. ਐੱਲ. ਕਨਵੈਨਸ਼ਨ ਆਨ ਕਮੈਮੋਰੇਸ਼ਨ ਆਫ ਡਾ. ਬੀ ਆਰ ਅੰਬੇਡਕਰ ਜਯੰਤੀ, ਡਾ. ਗੌਤਮ ਸੂਦ ਗੈਸਟ ਆਫ ਆਨਰ ਅਤੇ ਸਪੀਕਰ, ਸਾਰੇ ਫੈਕਲਿਟੀ ਮੈਂਬਰ ਅਤੇ ਗੈਰ-ਫੈਕਲਟੀ ਮੈਂਬਰ ਅਤੇ ਵਿਦਿਆਰਥੀ ਵੀ ਸ਼ਾਮਲ ਹੋਏ।

ਕਨਵੈਨਸ਼ਨ ਦਾ ਮਕਸਦ ਡਾ. ਬੀ ਆਰ ਅੰਬੇਡਕਰ ਦੀ ਵਿਰਾਸਤ ਤੇ ਕਦਰਾਂ-ਕੀਮਤਾਂ ਦਾ ਸਨਮਾਨ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. ਸਿੰਘ ਵੱਲੋਂ ਰਸਮੀ ਸੰਬੋਧਨ ਨਾਲ ਕੀਤੀ ਗਈ। ਡਾ. ਕੇਵਲਾਨੀ ਨੇ ਇਕ ਭਾਰਤੀ ਹੋਣ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਸਾਨੂੰ ਡਾ. ਅੰਬੇਡਕਰ ਵਰਗੇ ਸਮਾਜ ਸੁਧਾਰਕ ਵੱਲੋਂ ਨਿਰਧਾਰਿਤ ਕਦਰਾਂ-ਕੀਮਤਾਂ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਵਾਸਤੇ ਹੋਰ ਸਿਰਤੋੜ ਯਤਨ ਕਰਨ ਦੀ ਜ਼ਰੂਰਤ ਹੈ। ਡਾ. ਗੌਤਮ ਸੂਦ ਨੇ ਕੁੰਜੀਵਤ ਭਾਸ਼ਣ ਦਿੰਦਿਆਂ ਕਿਹਾ ਕਿ ਡਾ. ਅੰਬੇਡਕਰ ਨੇ ਆਧੁਨਿਕ ਭਾਰਤ ਦੇ ਨਿਰਮਾਣ 'ਚ ਅਹਿਮ ਭੂਮਿਕਾ ਅਦਾ ਕੀਤੀ। ਕੁੰਜੀਵਤ ਭਾਸ਼ਣ ਮਗਰੋਂ ਖੁੱਲ੍ਹਾ ਸੈਸ਼ਨ ਆਯੋਜਿਤ ਕੀਤਾ ਗਿਆ, ਜਿਸ 'ਚ ਯੂਨੀਵਰਸਿਟੀ ਦੇ ਵੱਖ-ਵੱਖ ਮੈਂਬਰਾਂ ਨੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਡਾ. ਇਵਨੀਤ ਵਾਲੀਆ ਨੇ ਆਏ ਪਤਵੰਤਿਆਂ ਅਤੇ ਸਭ ਦਾ ਧੰਨਵਾਦ ਕੀਤਾ।